ਗੁਪਤ-ਰਤਨ

9 556

ਅਨੰਦ, ਖ਼ੁਸ਼ੀ, ਉਮਾਹ!

ਸੰਸਾਰਕ ਅਰ ਪ੍ਰਮਾਰਥਕ ਬਰਕਤਾਂ ਦੇ ਭੰਡਾਰੇ

ਤਕ ਪਹੁੰਚਾਣ ਵਾਲੇ ਮਹਾਂ ਪੁਰਖਾਂ ਅਰ

ਫ਼ਕੀਰਾਂ ਦੇ ਗੁਪਤ ਰਾਜ਼ !

Secret of Health, Happiness & Prosperity.

ਕ੍ਰਿਤ—'ਫੁਲੇਰਾ' ਜੀ

PUNJAB PUBLIC LIBRARY LAHORE

ਪ੍ਰਕਾਸ਼ਕ:-

ਪੰਥ ਰਤਨ ਸੁਸਾਇਟੀ

ਅੰਮ੍ਰਿਤਸਰ

ਭੇਟਾ ॥ ≔)

ੴ ਸਤਿਗੁਰਪ੍ਰਸਾਦਿ ॥

ਹੀਰਿਆਂ ਦੀ ਖਾਣ !

ਗੁਪਤ ਰਤਨ ਲਾਧਾ !

ਹੇ ਨਿਰੰਕਾਰ ! ਵਾਹਿਗੁਰੂ ਦੇ ਬੰਦੇ ! ਹੇ ਗੁਰੂ ਕੇ ਲਾਲ ! ਕੁਦਰਤ ਦੇ ਦਮਕਦੇ ਮਹਿਕਦੇ ਸੁੰਦਰ ਫੁੱਲ ਜੀਓ ! ਆਓ ਜੀ ਆਇਆਂ ਨੂੰ ! ਜਦ ਆਪ ਨੇ ਪਹਿਲੇ ਪਹਿਲ "ਗੁਪਤ ਰਤਨ" ਪੁਸਤਕ ਸਬੰਧੀ ਸਾਡੀ ਪਤ੍ਰਕਾ ਨੋਟ ਜਾਂ ਲੇਖ ਆਦ ਪੜ੍ਹਿਆ ਸੁਣਿਆਂ ਤਾਂ ਉਸ ਵੇਲੇ ਆਪਦੇ ਹਿਰਦੇ ਅੰਦਰ ਕਿੰਨ੍ਹਾਂ ਆਸਾਂ ਉਮੈਦਾਂ ਦਾ ਹੁਲਾਰਾ ਵੱਜਾ ਸੀ ? ਤਦੋਂ ਆਪਦੇ ਰਿਦੇ ਅੰਦਰ ਕਿਸ ਭਾਵ ਦੇ ਸੰਕਲਪਾਂ ਦੀ ਪੌਣ ਰੁਮਕੀ ਸੀ ? ਹਾਂ ਠੀਕ ! ਤਦੋਂ ਆਪਦੇ ਅੰਦਰਲੇ ਟਿਕਾਣੇ ਕੋਈ ਖਾਸ ਉਮੰਗ, ਲਗਨ ਜਾਂ ਉਚੀ ਆਸ ਦਾ ਝਲਕਾਰਾ ਪ੍ਰਗਟਿਆ ਸੀ ! ਚੇਤੇ ਰਖੋ ਉਹ ਝਲਕਾਰਾ ਬਹੁਤ ਹੀ ਸੁੰਦਰ ਤੇ ਮਨਮੋਹਣਾ ਸੀ ! ਉਸ ਘੜੀ ਤੇ ਸਮੇਂ ਨੂੰ ਯਾਦ ਰਖੋ ! ਉਸ ਝਹਨਾਹਟ ਭਰੇ ਭਾਵ ਨੂੰ ਅਖਾਂ ਤੋਂ ਓਹਲੇ ਨਾ ਹੋਣ ਦਿਓ !

ਤੇ ਸਾਨੂੰ ਇਸ ਪ੍ਰਸ਼ਨ ਦਾ ਉਤ੍ਰ ਦਿਓ ਕ। ਸੱਚੀ ਮੁਚੀ ਆਪ ਉੱਚੀ ਕਲਾਵਾਨ, ਤੇਜਸ੍ਵੀ ਅਵਸਥਾ ਨੂੰ ਪ੍ਰਾਪਤ ਕਰਨਾ ਲੋੜਦੇ ਹੋ? ਕੀ ਆਪ ਦੇ ਹਿਰਦੇ ਅੰਦਰ ਅਪਣੀ ਦਸ਼ਾ ਨੂੰ ਉਨੱਤ ਤੇ ਉੱਚਾ ਕਰਨ ਦਾ ਭਾਵ ਸਮੁੰਦਰ ਦੀਆਂ ਲੈਹਰਾਂ ਵਾਂਗ ਠਾਠਾਂ ਮਾਰ ਰਿਹਾ ਹੈ ਜਾਂ ਇਹ ਭਾਵ ਤੇਲ ਮੁਕੇ ਦੀਵੇ ਦੀ ਲ੍ਹਾਟ ਵਾਂਗ ਰਤਾ ੨ ਕਦੇ ਕਦੇ ਟਿਮ ਟਿਮਾਉਂਦਾ ਹੈ? ਜੇ ਕਦੇ ਅਸੀਂ ਆਪਨੂੰ ਉਸ ਸੁਹਾਵਣੀ ਪਗਡੰਡੀ ਦਾ ਪਤਾ ਦਸ ਦੇਈਏ ਤਾਂ ਕੀ ਆਪ ਸੱਚ ਮੁਚ ਉਸ **ਉੱਚੀ ਮਨਜ਼ਲ** ਤੇ ਪੁੱਜਣ ਲਈ ਬੀਰਤਾ ਭਰਿਆ ਹੰਬਲਾ ਮਾਰਨ ਲਈ ਤਿਆਰ ਹੋ?

ਸੱਤ ਬਚਨ! ਆਓ ਫਿਰ ਆਪਦੀ ਪ੍ਰੀਖਿਆ ਦਾ ਸਮਾਂ ਵੀ ਆ ਪੁਜਾ! ਇਸ ਦਾ ਪਹਿਲਾ ਸਬੂਤ ਤੇ ਪਰਤਾਵਾ ਇਦਾਂ ਦਿਓ ਕਿ ਅਗਲੇ ਪੱਤ੍ਰਿਆਂ ਨੂੰ ਆਪ ਉਤਸ਼ਾਹ ਭਰੀ ਜੁੰਬਸ਼ ਤੇ ਖਿੜਾਓ ਭਰੇ ਹਿਰਦੇ ਨਾਲ ਇਕ ਟੱਕ! ਇਕ ਮਨ ਤੇ ਇਕ ਚਿਤ ਇਕਾਗਰ ਹੋਕੇ ਵਾਚੋ ਅਰ ਪੜ੍ਹੋ! ਢਿੱਲੇ ੨ ਆਲਸ ਭਰੇ ਦਿਲ ਨਾਲ ਨਹੀਂ! ਜਦ ਹਿਰਦੇ ਦੀ ਇਹ ਦਸ਼ਾ ਹੋਵੇ ਤੇ ਅਖਾਂ ਇਸਦੀ ਨਿਸ਼ਾਨੀ ਦਸ ਰਹੀਆਂ ਹੋਣ ਤਾਂ ਪ੍ਰੀਖਿਆ ਦੀ ਪਹਿਲੀ ਕਸਵੱਟੀ ਵਿਚ ਹੀ ਆਪ ਮਾਤ ਹੋ ਜਾਓਗੇ! ਹਿਰਦੇ ਨੂੰ ਹਿਲੋਰੇ ਅਰ ਅਨੰਦ ਦੀ ਮਸਤੀ ਵਾਲੀ ਝੂਮ ਵਿਚ ਟਿਕਾਓ ਤੇ ਫਿਰ ਨੈਣਾਂ ਰਾਂਹੀ ਪੜ੍ਹੋ, ਕਿਉਂਕਿ ਇਹ ਦਸ਼ਾ ਹੈ ਜਿਸ ਵਿਚ ਪੜ੍ਹਿਆਂ ਆਪ ਨੂੰ ਰਸ ਸ੍ਵਾਦ ਤੇ ਅਨੰਦ ਦੀਆਂ

ਲਪਟਾਂ ਝੁਲਦੀਆਂ ਭਾਸਣਗੀਆਂ ਅਰ ਦ੍ਰਿੜ ਨਿਸਚਾ ਕਰੋ ਕਿ ਆਪ ਗੁਪਤ ਹੀਰਿਆਂ ਦੀ ਖਾਣ ਦਾ ਜਲਵਾ ਤੱਕਣ ਦੇ ਚਾਹਵਾਨ ਜਗਜਾਸੂ ਹੋ।

ਲੌ ਹੁਣ ਪਿਆਰ ਨਾਲ ਸ੍ਰਵਣ ਕਰੋ! ਅਸੀਂ ਆਪਨੂੰ ਕੀ ਦਸਣਾ ਚਾਹੁੰਦੇ ਹਾਂ? ਅਸੀਂ ਆਪਨੂੰ ਉਸ ਹਰੀ ਭਰੀ ਤੇ ਸਦਾ ਖਿੜਾਓ ਵਾਲੀ ਸੁੰਦਰ **'ਗੁਲਜ਼ਾਰ ਟੇਕਰੀ'** ਦਾ ਪਤਾ, ਉਸ ਸ੍ਵਛ-ਨਿਰਮਲ ਤੇ **'ਉੱਚ-ਮਨਜ਼ਲ'** ਦਾ ਥਹੁ ਟਿਕਾਣਾਂ ਸਾਫ ਸਾਫ ਸਿੱਧੇ ਅਖਰਾਂ ਵਿਚ ਠੀਕੋ ਠੀਕ ਤੇ ਪੂਰਾ ੨ ਦਸਣਾ ਚਾਹੁੰਦੇ ਹਾਂ, ਜੋ ਮਹਾਂ ਪੁਰਖਾਂ ਉਚ ਖੋਜੀਆਂ ਤੇ ਬ੍ਰਹਮ ਵਿਦਯਾ ਦੇ ਗਿਆਤਾ ਰਿਸ਼ੀਆਂ ਮੁਨੀਆਂ ਦੇ ਹਿਰਦੇ ਦੀ ਡੁੰਘਾਈ ਅੰਦਰ ਲੁਕੀ ਹੋਈ ਗੁਪਤ ਸ਼ੈ ਹੈ ਤੇ ਜਿਸ ਉਤੇ ਅਮਲ ਕਰਕੇ ਆਪ ਸੰਸਾਰਕ ਅਰ ਪ੍ਰਮਾਰਥਕ ਉੱਨਤੀ ਲੋਕ ਅਰ ਪ੍ਰਲੋਕ, ਦੁਹਾਂ ਅਵਸਥਾਂ ਦਾ ਪੂਰਨ ਸੁਖ ਤੇ ਪੂਰਨ ਲਾਭ ਪ੍ਰਾਪਤ ਕਰਕੇ ਆਪਣੀ ਦਿਲੀ-ਲਗਨ ਦੀ ਉਚੀ ਤੋਂ ਉਚੀ ਟੇਕਰੀ ਤੇ ਸੁਖੈਨ ਹੀ ਪਹੁੰਚ ਸਕਦੇ ਹੋ।

"ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
ਹਸੰਦਿਆ ਖੇਲੰਦਿਆ ਪੈਨ੍ਹੰਦਿਆ ਵਿਚੇ ਹੋਵੈ ਮੁਕਤਿ॥ [ਗੂਜਰੀ ਕੀ ਵਾਰ ਮਃ ੩

ਪ੍ਰੰਤੂ ਉਹ ਗੁਪਤ ਰਮਜ਼ ਖੋਲ੍ਹਣ ਤੋਂ ਪਹਿਲਾਂ ਅਸੀਂ ਆਪਨੂੰ ਦੋ ਚਾਰ ਦ੍ਰਿਸ਼ਟਾਂਤ ਦੇਣਾ ਚਾਹੁੰਦੇ ਹਾਂ, ਤਾਂ ਜੁ ਆਪ ਸਾਡੇ ਅਸਲੀ ਭਾਵ ਤੇ ਆਸ਼ੇ ਨੂੰ ਠੀਕ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.